# ਖ਼ਾਲਸਾ ਸਕੂਲ ਕੈਲਗਰੀ

# ਪੰਜਾਬੀ ਖ਼ਬਰਨਾਮਾ

## ਨਵੰਬਰ ਮਹੀਨੇ ਵਿੱਚ ਆਉਣ ਵਾਲੇ ਮੁੱਖ ਤਿਉਹਾਰ

੩ ਨਵੰਬਰ ਨੂੰ 'ਖ਼ਾਲਸੇ ਦੇ ਮਾਤਾ, ਸਾਹਿਬ ਕੌਰ ਜੀ' ਦਾ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ। ਛੇਵੀਂ(advanced) ਜਮਾਤ ਦੇ ਬੱਚੇ ਇੱਕ ਵਿਸ਼ੇਸ਼ Presentation ਤਿਆਰ ਕਰ ਰਹੇ ਹਨ। Div 2 ਅਤੇ Div 3 ਦੀਆਂ ਕਲਾਸਾਂ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਜਾਣਕਾਰੀ ਦਿੱਤੀ ਜਾ ਰਹੀ ਹੈ।

੧੨ ਨਵੰਬਰ ਨੂੰ ਬੰਦੀ-ਛੋੜ ਦਿਵਸ ਮਨਾਇਆ ਜਾ ਰਿਹਾ ਹੈ ।ਹਰ ਵਰ੍ਹੇ ਦੀ ਤਰਾਂ ਬੱਚੇ ਵਿਸ਼ੇਸ਼ ਤਿਆਰੀ ਨਾਲ ਇਹ ਤਿਉਹਾਰ ਮਨਾਉਣਗੇ, ਦੀਵਿਆਂ ਨੂੰ ਰੰਗ ਕਰਨਗੇ ਅਤੇ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਨਗੇ। ਇਸੇ ਸੰਬੰਧ ਵਿੱਚ ਮਾਪਿਆਂ ਨਾਲ ਆਉਣ ਵਾਲੇ ਦਿਨਾਂ ਵਿੱਚ ਇੱਕ ਖਾਸ video ਸਾਂਝੀ ਕੀਤੀ ਜਾਵੇਗੀ।

## ਵਿਸ਼ੇਸ਼ ਸੱਦਾ-ਪੱਤਰ:

੨੭ ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਪੁਰਬ ਬਹੁਤ ਧੂਮ-ਧਾਮ ਨਾਲ ਮਨਾਇਆ ਜਾਵੇਗਾ। ਇਸ ਦਿਨ ਸਕੂਲ ਵਿੱਚ ਛੁੱਟੀ ਕੀਤੀ ਗਈ ਹੈ। ਸਾਰੇ ਮਾਪਿਆਂ ਨੂੰ ਦਸੰਬਰ ੧ (ਸ਼ਾਮ ੪:੩੦-੬:੩੦) ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮਨਾਉਣ ਲਈ ਸਕੂਲ ਵਿਖੇ ਵਿਸ਼ੇਸ਼ ਸੱਦਾ ਦਿੱਤਾ ਜਾਂਦਾ ਹੈ।

ਸਭ ਨੇ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਚਰਨਾਂ ਵਿੱਚ ਹਾਜ਼ਰੀ ਭਰਨੀ। ਸਾਲਾਨਾ ਗੁਰਪੁਰਬ ਮਨਾਉਣ ਦੇ ਸੰਬੰਧ ਵਿੱਚ ਹੋਰ ਜਾਣਕਾਰੀ ਪ੍ਰਿੰਸੀਪਲ ਸਾਹਿਬ ਵੱਲੋਂ ਤੁਹਾਡੇ ਨਾਲ ਸਾਂਝੀ ਕੀਤੀ ਜਾਵੇਗੀ ।



**Thank you to our wonderful Gurmat and Keertan staff!**